## 2026 ਲਈ ਸਿਟੀ ਦੇ ਪ੍ਰਾਪਰਟੀ ਟੈਕਸ ਵਿੱਚ ਵਾਧਾ 0% ਹੈ।

ਤੁਹਾਡੇ ਵਿਅਕਤੀਗਤ ਪ੍ਰਾਪਰਟੀ ਟੈਕਸ ਵਿੱਚ ਤਬਦੀਲੀਆਂ ਹਾਲੇ ਵੀ ਹੋ ਸਕਦੀਆਂ ਹਨ, ਇਸ ਗੱਲ 'ਤੇ ਨਿਰਭਰ ਕਰਦੇ ਹੋਏ ਕਿ ਤੁਹਾਡੀ ਪ੍ਰਾਪਰਟੀ ਦੀ ਪ੍ਰਾਪਰਟੀ ਸ਼੍ਰੇਣੀ ਵਿੱਚ ਔਸਤ ਤਬਦੀਲੀ ਅਤੇ ਹੋਰ ਟੈਕਸ ਅਥਾਰਿਟੀਆਂ ਤੋਂ ਟੈਕਸ ਵਾਧੇ ਦੀ ਤੁਲਨਾ ਵਿੱਚ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਕੀਤੇ ਮੁੱਲ ਵਿੱਚ ਕੀ ਤਬਦੀਲੀ ਹੋਈ ਹੈ।

**ਸਿਟੀ ਖੇਤਰੀ ਸੇਵਾਵਾਂ, ਸਕੂਲਾਂ, ਆਵਾਜਾਈ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਗੰਦੇ ਪਾਣੀ ਦੇ ਇਲਾਜ ਲਈ ਫੰਡ ਦੇਣ ਵਾਸਤੇ ਹੋਰ ਅਥਾਰਿਟੀਆਂ ਦੀ ਤਰਫ਼ੋਂ ਖਰਚੇ ਵਸੂਲ ਕਰਦੀ ਹੈ। ਸਪੱਸ਼ਟ ਹੋਣ ਲਈ, ਇਹ ਦਰਾਂ ਵੈਨਕੂਵਰ ਸਿਟੀ ਨਿਯਤ ਨਹੀਂ ਕਰਦੀ ਹੈ।**

ਇਸ ਸਾਲ, ਪੁਰਾਣੇ ਪੂੰਜੀ ਦੇ ਬੁਨਿਆਦੀ ਢਾਂਚੇ ਨੂੰ ਬਦਲਣ ਲਈ ਨਿਵੇਸ਼ਾਂ ਅਤੇ ਮੈਟਰੋ ਵੈਨਕੂਵਰ ਦੇ ਪਾਣੀ ਦੇ ਰੇਟ ਅਤੇ ਸੀਵਰ ਟੈਕਸਾਂ (levies) ਵਿੱਚ ਵਾਧੇ ਦੇ ਕਾਰਨ ਯੂਟਿਲਿਟੀ ਫੀਸਾਂ ਵਿੱਚ 4.2% ਦਾ ਵਾਧਾ ਹੋਇਆ।

## ਆਪਣੇ ਟੈਕਸਾਂ ਦਾ ਭੁਗਤਾਨ ਕਰਨ ਦੇ ਤਰੀਕੇ

ਔਨਲਾਈਨ, ਫੋਨ ਦੁਆਰਾ ਜਾਂ ਆਪਣੀ ਵਿੱਤੀ ਸੰਸਥਾ ਵਿੱਚ ਵਿਅਕਤੀਗਤ ਤੌਰ 'ਤੇ ਭੁਗਤਾਨ ਕਰੋ। ਹੋਰ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ: **vancouver.ca/bank-payment**

ਭੁਗਤਾਨ ਕਰਨ ਦੇ ਹੋਰ ਤਰੀਕਿਆਂ ਲਈ ਆਪਣਾ ਪ੍ਰਾਪਰਟੀ ਟੈਕਸ ਨੋਟਿਸ ਦੇਖੋ। ਦੇਰੀ ਨਾਲ ਭੁਗਤਾਨ ਕਰਨ 'ਤੇ 5% ਜੁਰਮਾਨਾ ਲਗਾਇਆ ਜਾਂਦਾ ਹੈ। 31 ਦਸੰਬਰ, 2025 ਤੋਂ ਬਾਅਦ ਭੁਗਤਾਨ ਨਾ ਕੀਤੇ ਗਏ ਬਕਾਏ 'ਤੇ 8.95% ਦੀ ਦਰ 'ਤੇ ਵਿਆਜ ਵੀ ਲੱਗਦਾ ਹੈ, ਜੋ ਕਿ ਸਲਾਨਾ ਅਧਾਰ 'ਤੇ ਕੰਪਾਉਂਡ ਹੁੰਦਾ ਹੈ।

## ਘਰ ਦੇ ਮਾਲਕ ਲਈ ਗ੍ਰਾਂਟ (Home Owner Grant)

ਯੋਗ ਘਰ ਦੇ ਮਾਲਕ ਹਰ ਸਾਲ ਸੂਬੇ ਦੀ ਘਰ ਦੇ ਮਾਲਕ ਲਈ ਗ੍ਰਾਂਟ ਵਾਸਤੇ ਦਰਖ਼ਾਸਤ ਦੇ ਕੇ ਆਪਣੇ ਪ੍ਰਾਪਰਟੀ ਟੈਕਸ ਨੂੰ ਘਟਾ ਸਕਦੇ ਹਨ।
ਇੱਥੇ ਦਰਖ਼ਾਸਤ ਦਿਓ: **gov.bc.ca/homeownergrant**
ਜਾਂ **1-888-355-2700** 'ਤੇ ਕਾਲ ਕਰੋ।

## ਪ੍ਰਾਪਰਟੀ ਟੈਕਸ ਨੂੰ ਮੁਲਤਵੀ ਕਰਨਾ


ਪ੍ਰੋਗਰਾਮ ਵਿੱਚ ਹਾਲੀਆ ਤਬਦੀਲੀਆਂ ਸਮੇਤ, ਸੂਬਾਈ ਲੋਨ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, ਆਪਣੀ ਸਲਾਨਾ ਨਵਿਆਉਣ ਦੀ ਸਥਿਤੀ ਦੀ ਜਾਂਚ ਕਰਨ ਅਤੇ ਦਰਖ਼ਾਸਤ ਦੇਣ ਲਈ ਇਸ ਵੈੱਬਸਾਈਟ 'ਤੇ ਜਾਓ:
**gov.bc.ca/propertytaxdeferment**
ਜਾਂ **1-888-355-2700** 'ਤੇ ਕਾਲ ਕਰੋ।

## ਰੇਵੇਨਿਊ ਸਰਵਿਸਿਜ਼ ਸਿਟੀ ਹਾਲ ਵਿਖੇ ਵਾਪਸ ਆ ਗਏ ਹਨ

ਅਸੀਂ 453 WEST 12TH AVENUE (CAMBIE STREET 'ਤੇ) ਵਿਖੇ ਗ੍ਰਾਊਂਡ ਫਲੋਰ 'ਤੇ ਸਥਿਤ ਹਾਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰ 8:30 ਤੋਂ ਸ਼ਾਮ 5 ਵਜੇ ਤਕ ਤੁਸੀਂ ਇਹਨਾਂ ਲਈ ਵਿਅਕਤੀਗਤ ਤੌਰ 'ਤੇ ਅਦਾਇਗੀਆਂ ਅਤੇ ਪੁੱਛ-ਗਿੱਛ ਕਰ ਸਕਦੇ ਹੋ:

- ਪ੍ਰਾਪਰਟੀ ਟੈਕਸ
- ਖਾਲੀ ਘਰਾਂ 'ਤੇ ਟੈਕਸ
- ਯੂਟਿਲਿਟੀ ਬਿੱਲ
- ਬਾਇਲਾਅ ਜੁਰਮਾਨੇ
- ਪਰਮਿਟ ਅਤੇ ਲਾਇਸੰਸ

ਵਿਅਕਤੀਗਤ ਸੇਵਾਵਾਂ ਵਿੱਚ ਦੇਰੀ ਹੋ ਸਕਦੀ ਹੈ, ਖਾਸ ਕਰਕੇ ਟੈਕਸ ਦੀਆਂ ਆਖਰੀ ਮਿਤੀਆਂ ਦੇ ਆਸ-ਪਾਸ। ਲਾਈਨ ਤੋਂ ਬਚਣ ਲਈ ਔਨਲਾਈਨ ਭੁਗਤਾਨ ਕਰੋ।
ਆਮ ਪੁੱਛ-ਗਿੱਛ ਲਈ, **3-1-1 (604-873-7000)** 'ਤੇ ਕਾਲ ਕਰੋ ਜਾਂ **vancouver.ca/contact** 'ਤੇ ਜਾਓ



## ਔਨਲਾਈਨ ਪ੍ਰਾਪਰਟੀ ਟੈਕਸ ਖਾਤੇ ਲਈ ਸਾਈਨ-ਅੱਪ ਕਰੋ

ਇਹ ਇਹਨਾਂ ਦਾ ਸਭ ਤੋਂ ਤੇਜ਼ ਅਤੇ ਆਸਾਨ ਤਰੀਕਾ ਹੈ:

- ਆਪਣੇ ਖਾਤੇ ਵਿੱਚ ਬਕਾਇਆ ਦੀ ਜਾਂਚ ਕਰਨੀ
- ਬਿਲ ਅਤੇ ਭੁਗਤਾਨ ਇਤਿਹਾਸ ਦੇਖਣਾ
- ਆਪਣਾ ਸਲਾਨਾ ਪ੍ਰਾਪਰਟੀ ਸਥਿਤੀ ਐਲਾਨ ਜਮ੍ਹਾਂ ਕਰਨਾ
- ਈਮੇਲ ਦੁਆਰਾ ਆਪਣਾ ਅਗਲਾ ਨੋਟਿਸ ਪ੍ਰਾਪਤ ਕਰਨ ਲਈ ਈ-ਬਿਲਿੰਗ ਵਾਸਤੇ ਸਾਈਨ-ਅੱਪ ਕਰਨਾ

**vancouver.ca/property-services** 'ਤੇ ਸਾਈਨ-ਅੱਪ ਕਰੋ

## ਆਪਣੇ ਪਤੇ ਨੂੰ ਨਵੀਨਤਮ ਰੱਖੋ

ਕੀ ਤੁਹਾਡਾ ਡਾਕ ਪਤਾ ਬਦਲ ਗਿਆ ਹੈ?
ਕੀ ਤੁਸੀਂ ਇੱਕ ਤੋਂ ਵੱਧ ਪ੍ਰਾਪਰਟੀਆਂ ਦੇ ਮਾਲਕ ਹੋ?
ਇਸ ਵੈੱਬਸਾਈਟ 'ਤੇ ਆਪਣਾ ਪਤਾ ਅੱਪਡੇਟ ਕਰੋ:
**bcassessment.ca/update**

©2026 City of Vancouver | 26-050

**ਅੰਦਰ ਜ਼ਰੂਰੀ ਜਾਣਕਾਰੀ ਹੈ**

**ਪ੍ਰਾਪਰਟੀ ਟੈਕਸ ਦੇਣ ਦੀ ਆਖਰੀ ਮਿਤੀ 3 ਜੁਲਾਈ 2026 ਹੈ**

# ਪ੍ਰਾਪਰਟੀ ਟੈਕਸ 2026



For translations or more information, please visit:

有關翻譯文本或更多信息，請訪問:

如需翻译或了解更多信息，请访问:

Para sa mga salin sa Tagalog o para sa karagdagang impormasyon, bisitahin ang:

ਅਨੁਵਾਦਾਂ ਜਾਂ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਵੇਖੋ:

Để có bản dịch hoặc biết thêm thông tin, xin vui lòng truy cập:

Para obtener traducciones o más información, visite:

**vancouver.ca/property-tax**

CITY OF VANCOUVER

# ਮੇਅਰ ਵੱਲੋਂ ਸੁਨੇਹਾ



ਕੈਨੇਡਾ ਭਰ ਵਿੱਚ, ਪਰਿਵਾਰਾਂ ਅਤੇ ਕਾਰੋਬਾਰਾਂ ਨੂੰ ਵੱਧ ਰਹੀ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਵੱਧ ਰਹੀਆਂ ਲਾਗਤਾਂ ਘਰੇਲੂ ਬਜਟਾਂ 'ਤੇ ਦਬਾਅ ਪਾ ਰਹੀਆਂ ਹਨ।

2026 ਲਈ ਪ੍ਰਾਪਰਟੀ ਟੈਕਸ ਵਿੱਚ 0% ਵਾਧੇ ਨੂੰ ਲਾਗੂ ਕਰਕੇ, ਕਾਉਂਸਿਲ ਫਰੰਟਲਾਈਨ ਸੇਵਾਵਾਂ ਨੂੰ ਤਰਜੀਹ ਦਿੰਦੇ ਹੋਏ ਨਿਵਾਸੀਆਂ ਅਤੇ ਕਾਰੋਬਾਰਾਂ 'ਤੇ ਬੋਝ ਨੂੰ ਘੱਟ ਕਰਨ ਲਈ ਬੈਕ-ਟੂ-ਬੇਸਿਕਸ, ਬੈਕ-ਟੂ-ਕਮਿਊਨਿਟੀ, ਪਹੁੰਚ ਅਪਣਾ ਰਹੀ ਹੈ।

ਸਿਫ਼ਰ ਦਾ ਮਤਲਬ ਹੈ ਸਿਫ਼ਰ। ਕਾਉਂਸਿਲ ਦੀ ਨਿਰਧਾਰਤ ਪਹੁੰਚ ਰਾਹੀਂ ਫਰੰਟਲਾਈਨ ਸੇਵਾਵਾਂ ਜਿਨ੍ਹਾਂ 'ਤੇ ਨਿਵਾਸੀ ਨਿਰਭਰ ਕਰਦੇ ਹਨ, ਦੀ ਰੱਖਿਆ ਕਰਨ ਦੇ ਨਾਲ-ਨਾਲ, ਪ੍ਰਾਪਰਟੀ ਟੈਕਸ ਵੀ ਨਹੀਂ ਵਧੇਗਾ (0% ਵਾਧਾ)।


**ਕਾਉਂਸਿਲ ਦੀ ਪਹੁੰਚ ਪ੍ਰਾਪਰਟੀ ਟੈਕਸ ਵਿੱਚ 0% ਵਾਧਾ ਕਰਦੀ ਹੈ, ਜਦੋਂ ਕਿ ਉਹਨਾਂ ਫਰੰਟਲਾਈਨ ਸੇਵਾਵਾਂ ਦੀ ਰੱਖਿਆ ਵੀ ਕਰਦੀ ਹੈ ਜਿਨ੍ਹਾਂ 'ਤੇ ਨਿਵਾਸੀ ਨਿਰਭਰ ਕਰਦੇ ਹਨ**

ਇਸ ਨੂੰ ਪ੍ਰਾਪਤ ਕਰਨ ਲਈ, ਕਾਉਂਸਿਲ ਨੇ ਸਿਟੀ ਸਟਾਫ਼ ਨੂੰ ਜਨਤਕ ਸੁਰੱਖਿਆ, ਕਮਿਊਨਿਟੀ ਗ੍ਰਾਂਟਾਂ, ਸੜਕ ਅਤੇ ਸਾਈਡਵਾਕ ਦੀ ਸਾਂਭ-ਸੰਭਾਲ, ਕਮਿਊਨਿਟੀ ਸੈਂਟਰਾਂ ਅਤੇ ਲਾਇਬ੍ਰੇਰੀ ਦੇ ਸਮੇਂ ਸਮੇਤ, ਉਹਨਾਂ ਜ਼ਰੂਰੀ ਸੇਵਾਵਾਂ ਨੂੰ ਬਰਕਰਾਰ ਰੱਖਦੇ ਹੋਏ ਜਿਨ੍ਹਾਂ 'ਤੇ ਵਸਨੀਕ ਹਰ ਰੋਜ਼ ਨਿਰਭਰ ਕਰਦੇ ਹਨ, ਕੁਸ਼ਲਤਾਵਾਂ ਲੱਭਣ, ਲਾਗਤਾਂ ਨੂੰ ਘਟਾਉਣ ਅਤੇ ਨਵਾਂ ਮਾਲੀਆ ਪੈਦਾ ਕਰਨ ਦਾ ਨਿਰਦੇਸ਼ ਦਿੱਤਾ ਹੈ।



ਕੇੱਨ ਸਿਮ (KEN SIM), ਵੈਨਕੂਵਰ ਦੇ ਮੇਅਰ

## 2026 ਪੂੰਜੀਗਤ ਨਿਵੇਸ਼ (ਸ਼੍ਰੇਣੀ ਅਨੁਸਾਰ)





| | | |
|---|---|---|
| ਪਾਣੀ ਅਤੇ ਸੀਵਰ | $181M | 26% |
| ਭਾਈਚਾਰਕ ਸਹੂਲਤਾਂ | $162M | 23% |
| ਸੜਕਾਂ | $133M | 18% |
| ਪਾਰਕ ਅਤੇ ਜਨਤਕ ਖੁੱਲ੍ਹੀਆਂ ਥਾਵਾਂ | $51M | 7% |
| ਜਨਤਕ ਸੁਰੱਖਿਆ | $42M | 6% |
| ਠੋਸ ਕੂੜਾ | $34M | 5% |
| ਟੈਕਨਾਲੋਜੀ | $25M | 4% |
| ਰਿਹਾਇਸ਼ | $22M | 3% |
| ਕਲਾ, ਸੱਭਿਆਚਾਰ ਅਤੇ ਵਿਰਾਸਤ | $18M | 3% |
| ਹੋਰ | $14M | 2% |
| ਬਾਲ-ਦੇਖਭਾਲ | $7M | 1% |
| ਨਾਗਰਿਕ ਸਹੂਲਤਾਂ ਅਤੇ ਉਪਕਰਨ | $5M | 1% |
| ਨਵਿਆਉਣਯੋਗ ਊਰਜਾ | $4M | 1% |

## ਕੀ ਤੁਸੀਂ ਜਾਣਦੇ ਹੋ?

**ਤੁਹਾਡੇ ਟੈਕਸਾਂ ਦਾ ਲਗਭਗ ਅੱਧਾ ਹਿੱਸਾ ਵੈਨਕੂਵਰ ਸਿਟੀ ਨੂੰ ਨਹੀਂ ਜਾਂਦਾ ਹੈ। ਉਹ ਹੋਰ ਟੈਕਸ ਅਥਾਰਿਟੀਆਂ ਕੋਲ ਜਾਂਦੇ ਹਨ।**

47%:
- 26% ਸੂਬਾਈ ਸਕੂਲ ਟੈਕਸ
- 12% ਮੈਟਰੋ ਵੈਨਕੂਵਰ ਰੀਜ਼ਨਲ ਡਿਸਟ੍ਰਿਕਟ (ਟੈਕਸ ਅਤੇ ਸਹੂਲਤਾਂ)
- 8% ਟ੍ਰਾਂਸਲਿੰਕ
- 1% ਬੀਸੀ ਅਸੈਸਮੈਂਟ (BC Assessment) ਅਤੇ ਮਿਉਂਸਿਪਲ ਫਾਇਨਾਂਸ (Municipal Finance) ਅਥਾਰਿਟੀ

53% ਵੈਨਕੂਵਰ ਸਿਟੀ (ਟੈਕਸ ਅਤੇ ਸਹੂਲਤਾਂ)



47%
(ਇਹ ਦਰਾਂ ਵੈਨਕੂਵਰ ਸਿਟੀ ਦੁਆਰਾ ਨਿਯਤ ਨਹੀਂ ਕੀਤੀਆਂ ਜਾਂਦੀਆਂ)

53%